# ਭਗਤ ਕਬੀਰ - ਸਬਦ ੧੪

## ਜੋ ਜਨ ਪਰਮਿਤਿ ਪਰਮਨੁ ਜਾਨਾ ॥

### ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੫

ਜੋ ਜਨ ਪਰਮਿਤਿ ਪਰਮਨੁ ਜਾਨਾ ॥
ਬਾਤਨ ਹੀ ਬੈਕੁੰਠ ਸਮਾਨਾ ॥੧॥
ਨਾ ਜਾਨਾ ਬੈਕੁੰਠ ਕਹਾ ਹੀ ॥
ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ ਰਹਾਉ ॥
ਕਹਨ ਕਹਾਵਨ ਨਹ ਪਤੀਅਈ ਹੈ ॥
ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥
ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥
ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥

ਸਾਰ: ਰੂਹਾਨੀ ਸੂਝ ਦੀ ਭਾਲ ਵਿਚ, ਕੋਈ ਕੀ ਸਿੱਖਦਾ ਹੈ, ਕੀ ਜਾਣਦਾ ਹੈ, ਅਤੇ ਕੀ ਮਹਿਸੂਸ ਕਰਦਾ ਹੈ, ਇਸ ਵਿਚ ਇਕ ਸੂਖਮ ਪਰ ਮਹੱਤਵਪੂਰਨ ਅੰਤਰ ਹੈ। ਬਹੁਤ ਸਾਰੇ, ਧਰਮ ਗ੍ਰੰਥਾਂ ਵਿਚ ਦਿੱਤੀਆਂ ਸਿੱਖਿਆਵਾਂ ਅਤੇ ਦੂਜਿਆਂ ਦੀਆਂ ਧਾਰਨਾਵਾਂ ਰਾਹੀਂ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਨਿੱਜੀ ਅਨੁਭਵ ਤੋਂ ਬਿਨਾਂ, ਇਹ ਖੋਜ ਸਤਹੀ ਰਹਿ ਸਕਦੀ ਹੈ, ਸਿਰਫ਼ ਵਿਸ਼ਵਾਸ ਜਾਂ ਬਾਹਰੀ ਪੱਧਰ ਤੱਕ ਸੀਮਤ ਹੋ ਸਕਦੀ ਹੈ। ਅਜਿਹਾ ਗਿਆਨ ਪ੍ਰੇਰਨਾਦਾਇਕ ਤਾਂ ਹੋ ਸਕਦਾ ਹੈ, ਪਰ ਇਸ ਵਿਚ ਰੁਪਾਂਤ੍ਰਣ ਸਮਰਥਾ ਦੀ ਘਾਟ ਹੁੰਦੀ ਹੈ। ਜਦੋਂ ਕੋਈ ਆਪਣੇ  ਅੰਦਰ ਝਾਕ ਆਤਮ ਪੜਚੋਲ ਵੱਲ ਮੁੜਦਾ ਹੈ ਅਤੇ ਬਾਹਰੀ ਦੁਨੀਆਂ 'ਤੇ ਵਿਚਾਰ ਕਰਦਾ ਹੈ, ਤਾਂ ਗਿਆਨ ਅਰਥਪੂਰਨ ਬਣ ਜਾਂਦਾ ਹੈ। ਉਦੋਂ ਤੱਕ, ਇਹ ਅੰਤਰ ਦ੍ਰਿਸ਼ਟੀ ਮਨਮੋਹਕ ਹੋ ਸਕਦੀ ਹੈ, ਪਰ ਇਸ ਵਿਚ ਅਸਲ ਸੂਝ ਦੀ ਘਾਟ ਹੋਵੇਗੀ - ਪਾਣੀ 'ਤੇ ਚੰਦਰਮਾ ਦੇ ਪ੍ਰਤੀਬਿੰਬ ਵਾਂਗ: ਸੁੰਦਰ, ਪਰ ਖੁਦ ਰੌਸ਼ਨੀ ਤੋਂ ਰਹਿਤ।

ਜੋ ਜਨ ਪਰਮਿਤਿ ਪਰਮਨੁ ਜਾਨਾ ॥

ਜਿਹੜੇ ਲੋਕ ਦੂਜਿਆਂ ਦੇ ਦ੍ਰਿਸ਼ਟੀਕੋਣਾਂ ਰਾਹੀਂ ਸਮਝ ਤੋਂ ਬਾਹਰ ਅਤੇ ਸਰਵ ਵਿਆਪਕ ਚੇਤਨਾ ਦੀ ਪ੍ਰਕਿਰਤੀ ਨੂੰ ਸਮਝਣ ਦਾ ਦਾਅਵਾ ਕਰਦੇ ਹਨ, ਉਹ ਸਵੈ ਚਿੰਤਨ ਤੋਂ ਸੱਖਣੇ ਬਾਹਰੀ ਵਿਸ਼ਵਾਸਾਂ ਦਾ ਦਿਖਾਵਾ ਕਰਦੇ ਹਨ।

ਬਾਤਨ ਹੀ ਬੈਕੁੰਠ ਸਮਾਨਾ ॥੧॥

ਸਿਰਫ਼ ਗੱਲਾਂ ਰਾਹੀਂ, ਉਹ ਆਪਣੇ ਆਪ ਨੂੰ ਧੋਖਾ ਦਿੰਦੇ ਹਨ, ਇਹ ਕਿਆਸਦੇ ਹੋਏ ਕਿ ਉਹ ਗਿਆਨ ਦੀ ਅਵਸਥਾ ਪ੍ਰਣਾਏ ਅਲੰਕਾਰਿਕ ਸਵਰਗ ਵਿਚ ਰਹਿ ਰਹੇ ਹਨ। (੧)

ਨਾ ਜਾਨਾ ਬੈਕੁੰਠ ਕਹਾ ਹੀ ॥

ਮੈਨੂੰ ਨਹੀਂ ਪਤਾ ਕਿ ਇਹ ਅਖੌਤੀ ਸਵਰਗ ਕਿੱਥੇ ਹੈ, ਜੋ ਭੂਗੋਲਿਕ ਸਵਰਗ ਦੀ ਗਲਤ ਧਾਰਨਾ ਨੂੰ ਰੱਦ ਕਰਦਾ ਹੈ।

ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ ਰਹਾਉ ॥

ਹਰ ਕੋਈ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ, ਕਹਿੰਦੇ ਹਨ ਕਿ ਉਹ ਜਾਣਦੇ ਹਨ ਕਿ ਇਹ ਕਿੱਥੇ ਹੈ, ਦਾਅਵਾ ਕਰਦੇ ਹਨ ਕਿ ਇਹ ਉੱਥੇ ਹੈ ਜਿੱਥੇ ਉਹ ਇਸਨੂੰ ਮੰਨਦੇ ਹਨ, ਇਹ ਦਾਅਵਾ ਇਸ ਗਲਤ ਧਾਰਨਾ 'ਤੇ ਜ਼ੋਰ ਦਿੰਦਾ ਹੈ ਕਿ ਸਵਰਗ, ਗਿਆਨ ਦੀ ਅਵਸਥਾ, ਇਕ ਸਥਾਨ, ਵਿਸ਼ਵਾਸ, ਧਰਮ ਜਾਂ ਰੂਪ ਤੱਕ ਸੀਮਤ ਹੈ। (੧)(ਠਹਿਰਾਉ)

ਕਹਨ ਕਹਾਵਨ ਨਹ ਪਤੀਅਈ ਹੈ ॥

ਸਿਰਫ਼ ਗੱਲਾਂਬਾਤਾਂ ਅਤੇ ਰੂਹਾਨੀ ਅਖਵਾਉਣ ਨਾਲ, ਭਰੋਸਾ ਜਾਂ ਤ੍ਰਿਪਤੀ ਨਹੀਂ ਆਉਂਦੀ। ਇਹ ਇਕ ਪ੍ਰਤੀਬਿੰਬ ਹੈ ਕਿ ਉਧਾਰ ਲਏ ਸੰਕਲਪ ਜੀਵਤ ਜਾਗਰੂਕਤਾ ਨਹੀਂ ਲਿਆ ਸਕਦੇ।

ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ ॥੨॥

ਮਨ ਸਿਰਫ਼ ਉਦੋਂ ਹੀ ਸਵੀਕਾਰ ਕਰਦਾ ਹੈ ਜਦੋਂ ਅੰਦਰੋਂ ਹਉਮੈ ਵਿਨਾਸ਼ ਹੋ ਜਾਂਦੀ ਹੈ। (੨)

ਜਬ ਲਗੁ ਮਨਿ ਬੈਕੁੰਠ ਕੀ ਆਸ ॥

ਜਦੋਂ ਤੱਕ ਮਨ ਦੁੱਖਾਂ ਤੋਂ ਮੁਕਤ ਸਵਰਗ ਦੀ ਉਮੀਦ ਕਰਦਾ ਹੈ, ਇਹ ਸਨਮਾਨ ਪਾਉਣ ਦੀ ਅਭਿਲਾਸ਼ਾ ਵਾਲੀ ਦਿਖਾਵੇ ਮਾਤਰ ਭਗਤੀ ਵਿਚ ਬੱਝਾ ਰਹਿੰਦਾ ਹੈ।

ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥

ਉਦੋਂ ਤੱਕ, ਇਹ ਨਿਮਰਤਾ ਨਾਲ ਭਗਤੀ ਨੂੰ ਸਮਰਪਿਤ ਨਹੀਂ ਹੋ ਸਕਦਾ, ਜੋ ਹਉਮੈ, ਡਰ ਅਤੇ ਇਥੋਂ ਤੱਕ ਕੀ ਆਸ ਨੂੰ ਖਤਮ ਕਰਨ ਲਈ ਪਿੱਠਭੂਮੀ ਤਿਆਰ ਕਰਨ ਬਾਰੇ ਦਰਸਾਉਂਦੀ ਹੈ। (੩)

ਕਹੁ ਕਬੀਰ ਇਹ ਕਹੀਐ ਕਾਹਿ ॥

ਕਬੀਰ ਕਹਿੰਦੇ ਹਨ ਕਿ ਮੈਂ ਇਹੀ ਕਹਿਣਾ ਹੈ ਕੀ,

ਸਾਧਸੰਗਤਿ ਬੈਕੁੰਠੈ ਆਹਿ ॥੪॥੧੦॥

ਜਾਗ੍ਰਿਤ ਸਮੂਹ ਦੀ ਸੰਗਤ ਵਿਚ ਹੀ ਅਸਲ ਸਵਰਗ ਦਾ ਪ੍ਰਵੇਸ਼ ਹੁੰਦਾ ਹੈ। ਇਹ ਦਰਸਾਉਂਦਾ ਹੈ ਕਿ ਸਵਰਗ ਕੋਈ ਮੰਜ਼ਿਲ ਨਹੀਂ ਹੈ; ਇਹ ਚੇਤਨਾ ਦੀ ਇੱਕ ਅਵਸਥਾ ਹੈ ਜਿਸ ਲਈ ਅਸੀਂ ਵੀ ਜਾਗ੍ਰਿਤ ਹੋ ਸਕਦੇ ਹਾਂ। (੪)(੧੦)

ਤੱਤ: ਭਗਤ ਕਬੀਰ ਸਵਰਗ ਦੀ ਧਾਰਨਾ ਨੂੰ ਮੁੜ ਪਰਿਭਾਸ਼ਿਤ ਕਰਦੇ ਹਨ, ਇਸਨੂੰ ਇਕ ਦੁਰਾਡੇ ਦੇ ਵਾਅਦੇ ਤੋਂ ਮੌਜੂਦਾ ਹਕੀਕਤ ਵਿਚ ਬਦਲਦੇ ਹਨ। ਸੱਚਾ ਸਵਰਗ ਉਹ ਸ਼ਾਂਤੀ ਹੈ ਜੋ ਉਨ੍ਹਾਂ ਲੋਕਾਂ ਦੀ ਸੰਗਤ ਵਿਚ ਮਿਲਦੀ ਹੈ ਜਿਨ੍ਹਾਂ ਨੇ ਆਪਣੇ ਮਨਾਂ ਨੂੰ ਸਾਧ ਹਉਮੈਂ ਤੋਂ ਆਪਣਾ ਖਹਿੜਾ ਛਡਵਾ ਲਿਆ ਹੈ। ਇਹ ਮੌਤ ਤੋਂ ਬਾਅਦ ਮਿਲਣ ਵਾਲਾ ਕੋਈ ਬਹਿਸ਼ਤੀ ਸਥਾਨ ਨਹੀਂ ਹੈ; ਸਗੋਂ, ਇਕ ਅਜਿਹੀ ਅਵਸਥਾ ਹੈ ਜਿੱਥੇ ਚੇਤਨਾ ਜਾਗ੍ਰਿਤ ਹੁੰਦੀ ਹੈ ਅਤੇ ਹਉਮੈਂ ਭੰਗ ਹੋ ਜਾਂਦੀ ਹੈ। ਜਦੋਂ ਅਸੀਂ ਇਕ ਪ੍ਰਤੀਫਲ ਵਜੋਂ ਸਵਰਗ ਦੇ ਪਿੱਛੇ ਦੌੜਦੇ ਹਾਂ, ਤਾਂ ਅਸੀਂ ਅਕਸਰ ਇਸਨੂੰ ਮੋਜੂਦਾ ਪਲ ਵਿਚ ਅਨੁਭਵ ਕਰਨ ਦਾ ਮੌਕਾ ਗੁਆ ਦਿੰਦੇ ਹਾਂ, ਜੋ ਮਨ ਨੂੰ ਰਸਮਾਂ, ਹਉਮੈਂ ਅਤੇ ਤਾਂਘ ਦੇ ਚੱਕਰ ਵਿਚ ਫਸਾਈ ਰੱਖਦਾ ਹੈ। ਇਹ ਸੰਕਲਪ ਸਾਨੂੰ ਕਾਲਪਨਿਕ ਸਵਰਗ ਨੂੰ ਛੱਡਣ ਅਤੇ ਧਰਤੀ ਉਪਰ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਤੱਤ ਵਿਚ ਲੀਨ ਕਰ ਸਵਰਗ ਦੀ ਖੋਜ ਕਰਨ ਲਈ ਉਤਸ਼ਾਹਿਤ ਕਰਦਾ ਹੈ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ**: OnenessInDiversity.com**

ਈਮੇਲ**: onenessindiversityfoundation@gmail.com**